# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
## ਸਮੱਗਰਾ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ-8, ਐਸ.ਏ.ਐਸ ਨਗਰ (ਮੋਹਾਲੀ), ਪੰਜਾਬ

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ (ਵੈਬਸਾਈਟ ਰਾਹੀਂ)
3. ਸਮੂਹ ਸਕੂਲ ਮੁਖੀ/ਪ੍ਰਿੰਸੀਪਲ, ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ: SSA/Uniforms/2018-19/115998 ਮਿਤੀ: 31.12.18

**ਵਿਸ਼ਾ:-ਸਮੱਗਰਾ ਸਿੱਖਿਆ ਅਭਿਆਨ ਅਧੀਨ ਸਾਲ 2018-19 ਦੌਰਾਨ ਸਰਕਾਰੀ ਸਕੂਲਾਂ ਵਿੱਚ 1-8 ਜਮਾਤਾਂ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ (Girls) ਅਤੇ SC/ST/BPL ਲੜਕਿਆਂ (Boys) ਨੂੰ ਮੁਫ਼ਤ ਵਰਦੀਆਂ ਮੁਹੱਈਆ ਕਰਵਾਉਣ ਸਬੰਧੀ ਦਿਸ਼ਾ-ਨਿਰਦੇਸ਼।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਮੱਗਰਾ ਸਿੱਖਿਆ ਅਭਿਆਨ ਅਧੀਨ ਸਾਲ 2018-19 ਦੌਰਾਨ ਸਰਕਾਰੀ ਸਕੂਲਾਂ ਵਿੱਚ 1-8 ਜਮਾਤਾਂ ਵਿੱਚ ਪੜ੍ਹਦੀਆਂ ਸਮੂਹ ਲੜਕੀਆਂ (Girls) ਅਤੇ SC/ST/BPL ਲੜਕਿਆਂ (Boys) ਨੂੰ ਮੁਫ਼ਤ ਵਰਦੀ ਮੁਹੱਈਆ ਕਰਵਾਈ ਜਾਣੀ ਹੈ।

3.0 ਸਾਲ 2018-19 ਦੀ ਪਲਾਨ ਤਹਿਤ ਭਾਰਤ ਸਰਕਾਰ ਵਲੋਂ ਵਰਦੀਆਂ ਲਈ 600 ਰੁ: ਪ੍ਰਤੀ ਵਿਦਿਆਰਥੀ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ। E-Punjab portal ਅਨੁਸਾਰ 2018-19 ਦੌਰਾਨ ਸਰਕਾਰੀ ਸਕੂਲਾਂ ਵਿੱਚ 1-8 ਜਮਾਤ ਵਿੱਚ ਕੁੱਲ 712794 ਲੜਕੀਆਂ, 485512 SC/ST ਲੜਕੇ ਅਤੇ 77997 BPL ਲੜਕੇ enrolled ਹਨ। E-Punjab portal ਤੇ ਮਿਤੀ 27-12-2018 ਨੂੰ ਉਪਲਬਧ ਡਾਟਾ ਅਨੁਸਾਰ ਵਰਦੀਆਂ ਲਈ ਕਵਰ ਕੀਤੇ ਜਾਣ ਵਾਲੇ ਜ਼ਿਲ੍ਹਾਵਾਰ ਵਿਦਿਆਰਥੀਆਂ ਦੀ ਗਿਣਤੀ ਅਤੇ 600 ਰੁ: ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਕੁੱਲ ਬਣਦੀ ਰਾਸ਼ੀ ਦਾ ਵੇਰਵਾ ਹੇਠ ਅਨੁਸਾਰ ਹੈ:-

ਰਾਸ਼ੀ ਲੱਖਾਂ ਵਿੱਚ

| Sr. No | District | Students to be covered for Free uniforms during 2018-19 | | | | Total amount of funds @ Rs. 600/- |
|---|---|---|---|---|---|---|
| | | All Girls | BPL Boys | SC Boys | Total | |
| 1 | Amritsar | 59131 | 10705 | 48112 | 117948 | 707.688 |
| 2 | Barnala | 15084 | 2155 | 11561 | 28800 | 172.8 |
| 3 | Bathinda | 38726 | 1341 | 28105 | 68172 | 409.03 |
| 4 | Faridkot | 19044 | 606 | 15674 | 35324 | 211.944 |
| 5 | Fatehgarh sahib | 15193 | 1169 | 9594 | 25956 | 155.736 |
| 6 | Fazilka | 39362 | 7014 | 31048 | 77424 | 464.544 |
| 7 | Ferozepur | 32064 | 3264 | 29057 | 64385 | 386.31 |
| 8 | Gurdaspur | 39187 | 6279 | 19511 | 64977 | 389.862 |
| 9 | Hoshiarpur | 37770 | 5957 | 21704 | 65431 | 392.586 |
| 10 | Jalandhar | 46859 | 5932 | 31559 | 84350 | 506.1 |
| 11 | Kapurthala | 19495 | 3711 | 13419 | 36625 | 219.75 |
| 12 | Ludhiana | 70739 | 7197 | 39793 | 117729 | 706.374 |
| 13 | Mansa | 25162 | 986 | 18162 | 44310 | 265.86 |
| 14 | Moga | 28859 | 2575 | 24299 | 55733 | 334.398 |
| 15 | Sri Muktsar Sahib | 30508 | 1716 | 25681 | 57905 | 347.43 |
| 16 | Pathankot | 12672 | 1739 | 7826 | 22237 | 133.422 |
| 17 | Patiala | 48513 | 4146 | 26077 | 78736 | 472.416 |
| 18 | Roopnagar | 17634 | 1237 | 7897 | 26768 | 160.608 |
| 19 | S.B.S. Nagar | 15076 | 375 | 9724 | 25175 | 151.05 |
| 20 | Sangrur | 40696 | 3384 | 26912 | 70992 | 425.952 |
| 21 | SAS nagar | 24980 | 1501 | 10340 | 36821 | 220.926 |
| 22 | Tarn Taran | 36040 | 5008 | 29457 | 70505 | 423.03 |
| | **Grand Total** | **712794** | **77997** | **485512** | **1276303** | **7657.818** |

*ਵਰਦੀਆਂ ਦੀ ਗ੍ਰਾਂਟ ਉਪਰੋਕਤ ਅਨੁਸਾਰ E-Punjab Portal ਦੀ ਗਿਣਤੀ ਮੁਤਾਬਿਕ ਹੀ ਜਾਰੀ ਕੀਤੀ ਜਾਵੇਗੀ।

4.0 ਸਕੂਲੀ ਵਿਦਿਆਰਥੀਆਂ ਨੂੰ ਵਰਦੀ SMC ਪੱਧਰ ਤੇ ਮੁਹੱਈਆਂ ਕੀਤੀ ਜਾਣੀ ਹੈ। ਵਰਦੀਆਂ ਲਈ ਬਣਦੀ ਰਾਸ਼ੀ ਸਮੂਹ ਜ਼ਿਲਿਆਂ ਨੂੰ ਜਲਦ ਹੀ ਜਾਰੀ ਕੀਤੀ ਜਾ ਰਹੀ ਹੈ। Meanwhile ਸਮੂਹ ਸਕੂਲ ਮੈਨੇਜਮੈਂਟ ਕਮੇਟੀਆਂ ਵੱਲੋਂ ਆਪਣੇ ਸਕੂਲੀ ਵਿਦਿਆਰਥੀਆਂ ਲਈ ਹੇਠ ਦਿੱਤੀਆਂ specifications ਅਨੁਸਾਰ ਵਰਦੀਆਂ ਤਿਆਰ ਕਰਵਾਉਣ ਦੀ ਪ੍ਰਕ੍ਰਿਆ ਆਰੰਭ ਲਈ ਜਾਵੇ:-

**(i)** ਵਰਦੀਆਂ ਲਈ specifications ਵਿੱਚ ਸ਼ਾਮਿਲ ਵਸਤੂਆਂ ਦਾ ਵੇਰਵਾ:-

(ੳ) ਪਹਿਲੀ ਤੋਂ ਪੰਜਵੀਂ ਜਮਾਤਾਂ ਲਈ:-

| ਲੜੀ ਨੰ: | ਲੜਕਿਆਂ ਲਈ | | ਲੜਕੀਆਂ ਲਈ | | ਵਰਦੀਆਂ ਦਾ ਰੰਗ* |
|---|---|---|---|---|---|
| | **Name of Items** | **No. of Items** | **Name of Items** | **No. of Items** | |
| 1. | ਕਮੀਜ਼ ਅਤੇ ਪੈਂਟ, ਸਿੱਖ ਲੜਕਿਆਂ ਲਈ ਪਟਕਾ ਅਤੇ ਬਾਕੀ ਲੜਕਿਆਂ ਲਈ ਗਰਮ ਟੋਪੀ | 1 ਜੋੜਾ | ਕਮੀਜ਼ ਅਤੇ ਪੈਂਟ, ਗਰਮ ਟੋਪੀ | 1 ਜੋੜਾ | Shirt:- Lemon<br>Trouser:- Bottle Green<br>Patka/Cap:- Bottle Green |
| 2. | ਗਰਮ ਸਵੈਟਰ | 1 | ਗਰਮ ਸਵੈਟਰ | 1 | Sweater:- Bottle Green |
| 3. | ਬੂਟ ਅਤੇ ਜੁਰਾਬਾਂ | 1 ਜੋੜਾ | ਬੂਟ ਅਤੇ ਜੁਰਾਬਾਂ | 1 ਜੋੜਾ | Shoes:- Black<br>Socks:- Black |

(ਅ) ਛੇਵੀਂ ਤੋਂ ਅੱਠਵੀਂ ਜਮਾਤਾਂ ਲਈ:-

| ਲੜੀ ਨੰ: | ਲੜਕਿਆਂ ਲਈ | | ਲੜਕੀਆਂ ਲਈ | | ਵਰਦੀਆਂ ਦਾ ਰੰਗ* |
|---|---|---|---|---|---|
| | **Name of Items** | **No. of Items** | **Name of Items** | **No. of Items** | |
| 1. | ਕਮੀਜ਼ ਅਤੇ ਪੈਂਟ, ਸਿੱਖ ਲੜਕਿਆਂ ਲਈ ਪਟਕਾ ਅਤੇ ਬਾਕੀ ਲੜਕਿਆਂ ਲਈ ਗਰਮ ਟੋਪੀ | 1 ਜੋੜਾ | ਕਮੀਜ਼ ਸਲਵਾਰ ਤੇ ਦੁਪੱਟਾ | 1 ਜੋੜਾ | Shirt:- Camel<br>Salwar/Trouser:- Coffee<br>Patka/Cap:- Coffee<br>Dupatta:- Coffee |
| 2. | ਗਰਮ ਸਵੈਟਰ | 1 | ਗਰਮ ਸਵੈਟਰ | 1 | Sweater:- Coffee |
| 3. | ਬੂਟ ਅਤੇ ਜੁਰਾਬਾਂ | 1 ਜੋੜਾ | ਬੂਟ ਅਤੇ ਜੁਰਾਬਾਂ | 1 ਜੋੜਾ | Shoes:- Black<br>Socks:- Coffee/Black |

*ਵਰਦੀਆਂ ਲਈ ਚੁਣੇ ਗਏ ਰੰਗ ਦੇ **Samples** ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਭੇਜੇ ਜਾ ਰਹੇ ਹਨ।

**ਜੇਕਰ ਕੋਈ SMC ਵਿਦਿਆਰਥੀਆਂ ਨੂੰ ਟਾਈ/ਬੈਲਟ ਦੇਣਾ ਚਾਹੁੰਦੀ ਹੈ ਤਾਂ ਉਸਦਾ ਰੰਗ ਦਿੱਤੀ ਜਾ ਰਹੀ ਵਰਦੀ ਅਨੁਸਾਰ ਹੀ ਹੋਵੇ।

**(ii)** ਵਰਦੀਆਂ ਲਈ Technical Specifications :-

| ਲੜੀ ਨੰ: | **Items** | **Technical Specifications** |
|---|---|---|
| 1 | ਲੜਕੀਆਂ ਦਾ ਸੂਟ-ਸਲਵਾਰ | 65% (±5%) Polyester ਅਤੇ 35% (±5%) Viscose |
| 2 | ਲੜਕੀਆਂ ਦਾ ਦੁਪੱਟਾ | 65% (±5%) Polyester ਅਤੇ 35% (±5%) Viscose |
| 3 | ਲੜਕਿਆਂ ਦੀ ਕਮੀਜ | 65% (±5%) Polyester ਅਤੇ 35% (±5%) Viscose |
| 4. | ਲੜਕਿਆਂ ਦੀ ਪੈਂਟ | 70% (±5%) Polyester ਅਤੇ 30% (±5%) Viscose |
| 5 | ਲੜਕਿਆਂ ਦਾ ਪੱਟਕਾ | 65% (±5%) Polyester ਅਤੇ 35% (±5%) Viscose |
| 6 | ਲੜਕਿਆਂ ਦੀ ਗਰਮ ਟੋਪੀ | Cashmilon |
| 7 | ਕੋਟੀ | Cashmilon |
| 8 | ਜੁਰਾਬਾਂ | Cotton |
| 9 | ਬੂਟ | Black Colour |

5.0 ਵਰਦੀਆਂ ਦੀ ਖਰੀਦ ਕਰਦੇ ਸਮੇਂ ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਸਬੰਧਤ ਸਪਲਾਇਰ ਕੋਲ ਆਪਣਾ ਰਜਿਸਟਰਡ GST ਨੰਬਰ ਹੋਵੇ ਅਤੇ ਸਕੂਲੀ ਵਰਦੀਆਂ ਸਪਲਾਈ ਕਰਨ ਦਾ ਢੁਕਵਾਂ ਤਜ਼ਰਬਾ ਹੋਵੇ। ਹਰੇਕ ਸਪਲਾਇਰ ਤੋਂ ਪੱਕਾ ਬਿੱਲ ਪ੍ਰਾਪਤ ਕੀਤਾ ਜਾਵੇ।

6.0 ਕਿਸੇ ਵੀ ਸੂਰਤ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਦੀ SMC ਦੇ ਕੰਮ ਵਿੱਚ interference ਨਹੀਂ ਹੋਣੀ ਚਾਹੀਦੀ ਜੇਕਰ ਕਿਸੇ ਤਰ੍ਹਾਂ ਦੀ interference ਪਾਈ ਗਈ ਤਾਂ ਇਸਨੂੰ ਨਿਯਮਾਂ ਮੁਤਾਬਕ misconduct ਮੰਨਿਆ ਜਾਵੇਗਾ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ SMC ਵਲੋਂ ਕੇਵਲ ਸਮੱਗਰਾ ਸਿੱਖਿਆ ਅਭਿਆਨ ਦੇ ਨਿਯਮਾਂ ਮੁਤਾਬਿਕ ਵਰਦੀਆਂ ਦੀ ਖਰੀਦ ਕੀਤੀ ਜਾਵੇ ਅਤੇ ਕਿਸੇ ਵੀ ਰੂਪ ਵਿੱਚ Specifications ਅਤੇ ਨਿਯਮਾਂ ਨਾਲ ਕੋਈ ਵੀ ਸਮਝੌਤਾ ਨਾ ਕੀਤਾ ਜਾਵੇ। ਵਰਦੀਆਂ ਦੀ ਖ੍ਰੀਦ ਸੰਬੰਧੀ ਕੀਤੀ ਗਈ ਸਮੂਹ ਪ੍ਰਕ੍ਰਿਆ ਦਾ ਰਿਕਾਰਡ ਸੰਬੰਧਤ SMC ਦੇ ਮਤਾ ਰਜਿਸਟਰ ਵਿਚ ਦਰਜ ਕੀਤਾ ਜਾਵੇ। Manual of Financial Management & Procurement for the scheme of Samagra Shiksha Abhiyan ਦੀ ਕਾਪੀ www.ssapunjab.org ਵੈਬਸਾਈਟ ਤੇ ਵੇਖੀ ਜਾ ਸਕਦੀ ਹੈ।

7.0 ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸੁਨਿਸ਼ਚਿਤ ਕੀਤਾ ਜਾਵੇ ਕਿ ਬੱਚਿਆਂ ਨੂੰ ਦਿੱਤੀ ਗਈ ਹਰੇਕ ਵਸਤੂ ਦੀ ਗੁਣਵੱਤਾ ਨਿਰਧਾਰਿਤ Specifications ਅਨੁਸਾਰ ਹੈ ਅਤੇ ਉਨ੍ਹਾਂ ਵੱਲੋਂ ਆਪਣੇ ਜ਼ਿਲੇ ਦੇ ਸਕੂਲਾਂ ਵਿੱਚ ਵੰਡੀਆਂ ਗਈਆਂ ਵਰਦੀਆਂ ਦੇ texture ਦੇ ਰੈਂਡਮ ਸੈਂਪਲ collect ਕਰਕੇ ਰੱਖੇ ਜਾਣ।

8.0 ਹਰੇਕ ਸਪਲਾਇਰ ਨੂੰ 90% ਰਕਮ ਦੀ ਅਦਾਇਗੀ ਕੀਤੀ ਜਾਵੇ ਅਤੇ ਬਕਾਇਆ 10% ਰਕਮ ਸਾਲ ਦੇ ਅੰਤ ਵਿੱਚ ਦਿੱਤੀ ਜਾਵੇ। ਜੇਕਰ ਕਿਸੇ ਵੀ ਸਕੂਲ ਵਿੱਚ ਦਿੱਤੀ ਗਈ ਵਰਦੀ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਇਸ ਦੀ ਕਟੌਤੀ ਬਕਾਇਆ ਰਾਸ਼ੀ ਵਿੱਚੋਂ ਕੀਤੀ ਜਾਵੇਗੀ।

9.0 ਯਕੀਨੀ ਬਣਾਇਆ ਜਾਵੇ ਕਿ ਹਰੇਕ ਬੱਚੇ ਨੂੰ ਉਸਦੇ ਨਾਪ (ਸਾਈਜ਼) ਮੁਤਾਬਿਕ ਹੀ ਸਿਲਾਈ ਕੀਤੀ ਹੋਈ ਵਰਦੀ ਦਿੱਤੀ ਜਾਵੇ।

10.0 ਖਰੀਦੀਆਂ ਗਈਆਂ ਸਮੂਹ ਵਰਦੀਆਂ ਦੀ ਸਟਾਕ ਐਂਟਰੀ ਸਬੰਧਤ ਸਕੂਲ ਮੁੱਖੀ ਵੱਲੋਂ ਸਟਾਕ ਰਜਿਸਟਰ ਵਿਚ ਕਰਨੀ ਜਰੂਰੀ ਹੋਵੇਗੀ ਅਤੇ ਇਸ ਉਪਰੰਤ ਹੀ ਵਿਦਿਆਰਥੀਆਂ ਨੂੰ ਵਰਦੀਆਂ ਦਿੱਤੀਆਂ ਜਾਣ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰੇਕ ਲਾਭਪਾਤਰੀ ਨੂੰ ਵਰਦੀ ਮੁਹੱਈਆ ਕਰਨ ਤੋਂ ਪਹਿਲਾ ਉਸਦੇ ਮਾਤਾ-ਪਿਤਾ/ ਸਰਪ੍ਰਸਤ ਦੇ ਹਸਤਾਖਰ ਸਟਾਕ ਰਜਿਸਟਰ ਵਿਚ ਕਰਵਾਏ ਜਾਣ।

11.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਹਾਲਾਤ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਕਿਸੇ ਵੀ ਸਕੂਲ ਦੀ SMC ਕਮੇਟੀ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਵਿਦਿਆਰਥੀਆਂ ਦੀਆਂ ਵਰਦੀਆਂ ਖਰੀਦਣ ਲਈ ਲਿਖਤੀ ਜਾਂ ਜੁਬਾਨੀ ਨਿਰਦੇਸ਼ ਨਹੀਂ ਦਿੱਤੇ ਜਾਣਗੇ। ਵਰਦੀਆਂ ਦਾ ਸਾਰਾ ਖਰਚਾ ਨਿਯਮਾਂ ਅਨੁਸਾਰ SMC ਕਮੇਟੀ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇ।

12.0 ਵਰਦੀਆਂ ਦੀ ਖ੍ਰੀਦ ਸੰਬੰਧੀ ਸਾਰੀਆਂ ਅਦਾਇਗੀਆਂ A/c Payee Cheque ਰਾਹੀਂ ਹੀ ਕੀਤੀਆਂ ਜਾਣ। ਕੋਈ ਵੀ ਅਦਾਇਗੀ ਨਗਦ ਨਹੀਂ ਕੀਤੀ ਜਾਵੇਗੀ।

13.0 ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਵਰਦੀਆਂ ਦੀ ਵੰਡ ਹਰੇਕ ਸਕੂਲ ਵਿੱਚ 31-01-2019 ਤੱਕ ਮੁਕੰਮਲ ਕਰ ਲਈ ਜਾਵੇ।

14.0 ਵਰਦੀਆਂ ਦੀ ਵੰਡ ਉਪਰੰਤ ਹਰੇਕ ਸਕੂਲ ਮੁਖੀ ਤੋਂ ਇਹ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ਕਿ ਉਨ੍ਹਾਂ ਦੇ ਸਮੂਹ eligible ਵਿਦਿਆਰਥੀਆਂ ਨੂੰ ਸਾਲ 2018-19 ਲਈ ਵਰਦੀ ਮੁਹੱਈਆਂ ਕੀਤੀ ਜਾ ਚੁੱਕੀ ਹੈ।

**ਡੀ.ਜੀ.ਐਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ**

**ਪਿੱਠ ਅੰਕਣ ਨੰਬਰ:** SSA/Uniforms/2018-19/ **ਮਿਤੀ:**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡੀ.ਪੀ.ਆਈ. (ਸੈ.ਸਿੱ.), ਪੰਜਾਬ
2) ਡੀ.ਪੀ.ਆਈ. (ਐ.ਸਿੱ.), ਪੰਜਾਬ

- ਸਹੀ -

**ਡੀ.ਜੀ.ਐਸ.ਈ.-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ**